ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 13 ਅਗਸਤ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਦਰਸ਼ਕ ਮਨਾਂ 'ਤੇ ਦੇਰ ਤੱਕ ਛਾਇਆ ਰਹੇਗਾ ਐਬਸਫੋਰਡ ਵਿਚ ਲਾਇਆ 'ਮੇਲਾ ਵਿਰਸੇ ਦਾ'

ਮੇਲੇ 'ਚ ਪੰਜਾਬ ਦੇ ਪੇਂਡੂ ਸੱਭਿਆਚਾਰ ਨੂੰ ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਸਰੀ, 13 ਅਗਸਤ : ਪੰਜਾਬੀ ਵਿਰਸੇ ਨੂੰ ਕੈਨੇਡਾ 'ਚ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਸੰਸਥਾ 'ਵਿਰਸਾ ਫਾਊਂਡੇਸ਼ਨ' ਵੱਲੋਂ 9ਵਾਂ ਸਲਾਨਾ 'ਮੇਲਾ ਵਿਰਸੇ ਦਾ' ਬੀਤੇ ਦਿਨ ਐਬਸਫੋਰਡ ਸ਼ਹਿਰ ਦੇ ਬਾਹਰਵਾਰ ਰਮਣੀਕ ਪਹਾੜੀਆਂ ਦੀ ਗੋਦ ਵਿਚ ਕਰਵਾਇਆ ਗਿਆ। ਮੇਲੇ ਦੇ ਖੁੱਲ੍ਹੇ ਪੰਡਾਲ ਵਿਚ ਪੰਜਾਬ ਬੇਹੱਦ ਖੂਬਸੂਰਤ ਅੰਦਾਜ਼ ਵਿਚ ਸਜਾ ਕੇ ਰੱਖੇ ਚਰਖੇ, ਚੱਕੀ, ਮਧਾਣੀ, ਮੰਜੇ, ਮੱਛਰਦਾਨੀ, ਪੁਰਾਣਾ ਚੁੱਲ੍ਹਾ ਚੌਂਕਾ, ਪੰਘੂੜਾ, ਪੀਂਘ, ਖੂਹ, ਵੰਗਾਂ, ਲਲਾਰੀ, ਪ੍ਰਾਇਮਰੀ ਸਕੂਲ ਅਤੇ ਹੋਰ ਕਈ ਦ੍ਰਿਸ਼ ਪੇਂਡੂ ਪੰਜਾਬੀ ਸੱਭਿਆਚਾਰ ਦੀ ਦਿਲਕਸ਼ ਤਸਵੀਰ ਪੇਸ਼ ਕਰ ਰਹੇ ਸਨ ਅਤੇ ਮੇਲੇ ਵਿਚ ਪਹੁੰਚੀਆਂ ਮੇਲਣਾਂ ਨੂੰ ਮੋਹ ਰਹੇ ਸਨ। ਸਮੁੱਚਾ ਮਾਹੌਲ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਸੱਤਰਵੇਂ ਦਹਾਕੇ ਦੇ ਕਿਸੇ ਪਿੰਡ ਵਿਚ ਘੁੰਮ ਰਹੇ ਹੋਈਏ। ਇਕ ਪਾਸੇ ਸਜਾਈ ਵਿਸ਼ਾਲ ਸਟੇਜ ਉੱਪਰ ਵੱਖ ਵੱਖ ਗਾਇਕਾਂ ਅਤੇ ਹੋਰ ਕਲਾਕਾਰਾਂ ਵੱਲੋਂ ਗੀਤਾਂ, ਕੋਰੀਓਗ੍ਰਾਫੀਆਂ, ਗਿੱਧੇ, ਭੰਗੜੇ, ਜਾਗੋ ਵਿਆਹ ਵਰਗਾ ਮਾਹੌਲ ਸਿਰਜਿਆ ਜਾ ਰਿਹਾ ਸੀ।

ਦਸ਼ਮੇਸ਼ ਸਕੂਲ ਦੇ ਬੱਚਿਆਂ ਵੱਲੋਂ ਧਾਰਮਿਕ ਸ਼ਬਦ ਦੇ ਗਾਇਨ ਨਾਲ ਮੇਲੇ ਦਾ ਆਗਾਜ਼ ਹੋਇਆ। ਉਪਰੰਤ ਸਕੂਲੀ ਬੱਚੀ ਜਪਜੀ ਵੱਲੋਂ 'ਮਾਂ ਬੋਲੀ ਮੇਰੀ ਪੰਜਾਬੀ' ਕਵਿਤਾ ਸੁਣਾਈ, ਗੁਰਦੇਵ ਕੌਰ ਵੱਲੋਂ ਪੰਜਾਬ ਦੇ ਪੁਰਾਤਨ ਲੋਕ ਸਾਜ਼ 'ਅਲਗੋਜ਼ੇ' ਅਤੇ 'ਵੰਝਲੀ' ਨਾਲ ਪੇਸ਼ ਕੀਤੇ ਗੀਤ ਨੇ ਸਰੋਤਿਆਂ ਨੂੰ ਬੇਹੱਦ ਅਨੰਦਿਤ ਕੀਤਾ। ਨੌਜਵਾਨ ਗਾਇਕਾ ਸੁਰਲੀਨਾ ਅਤੇ ਸਾਥਣਾਂ ਵੱਲੋ 'ਚੰਨ ਵੇ ਕਿ ਸੌਂਕਣ ਮੇਲੇ ਦੀ' ਅਤੇ 'ਗਲੀ ਗਲੀ ਵਣਜਾਰਾ ਫਿਰਦਾ' ਗੀਤਾਂ ਰਾਹੀਂ ਅੱਧਖੜ੍ਹ ਉਮਰ ਦੇ ਸਰੋਤਿਆਂ ਦੀਆਂ ਯਾਦਾਂ ਨੂੰ ਹਲੂਣਿਆ। ਕੈਸ਼ ਤੇ ਪੈਨ ਚਾਹਲ, ਸ਼ਾਂਤੀ ਥੰਮਣ ਤੇ ਮਨਜੀਤ ਉੱਪਲ, ਜਸ ਗਰੇਵਾਲ ਤੇ ਰਜਿੰਦਰ ਕੌਰ ਦੀਆਂ ਜੋੜੀਆਂ ਨੇ ਵੀ ਗੀਤਾਂ ਦੀ ਛਹਿਬਰ ਲਾਈ। ਡਾਂਸ ਅਕੈਡਮੀ ਦੀਆਂ ਮੁਟਿਆਰਾਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਅਤੇ ਅਨਮੋਲ ਰਤਨ ਦੀ ਟੀਮ ਵੱਲੋਂ ਪੇਸ਼ ਕੀਤੇ ਭੰਗੜੇ ਨੇ ਸੈਂਕੜੇ ਦਰਸ਼ਕਾਂ ਦੇ ਪੈਰ ਥਿਰਕਣ ਲਾ ਦਿੱਤੇ।

ਉੱਭਰਦੇ ਗਾਇਕ ਸਿਮਰ ਦਿਓਲ, ਏਕ ਨੂਰ ਧਾਲੀਵਾਲ ਅਤੇ ਉੱਘੀ ਗਾਇਕਾ ਦੀਪ ਕੌਰ ਨੇ ਵੀ ਆਪਣੀ ਕਲਾ ਰਾਹੀਂ ਹਾਜ਼ਰੀ ਲਵਾਈ। ਪ੍ਰਸਿੱਧ ਲੋਕ ਗਾਇਕਾ ਕਮਲਜੀਤ ਨੀਰੂ ਨੇ ਆਪਣੇ ਚਰਚਿਤ ਗੀਤ 'ਭਿੱਜ ਗਈ ਕੁੜਤੀ ਲਾਲ ਗਿੱਧੇ ਵਿਚ ਨੱਚਦੀ ਦੀ', 'ਰੂੜਾ ਮੰਡੀ ਜਾਵੇ' ਅਤੇ 'ਸੀਟੀ ਤੇ ਸੀਟੀ ਵੱਜੀ' ਨਾਲ ਕਈਆਂ ਦੇ ਦਿਲਾਂ ਦੀਆਂ ਸੀਟੀਆਂ ਵੱਜਣ ਲਾ ਦਿੱਤੀਆਂ ਅਤੇ ਮੁਟਿਆਰਾਂ ਨੂੰ ਆਪ ਮੁਹਾਰੇ ਨੱਚਣ ਲਾ ਦਿੱਤਾ।

ਮੇਲੇ ਦੇ ਇੱਕ ਕੋਨੇ ਵਿਚ ਸਜਾਏ ਬਾਜ਼ਾਰ ਕੱਪੜਿਆਂ, ਗਹਿਣਿਆਂ ਦੇ ਸਟਾਲ ਲਾਏ ਗਏ। ਗੁਲਾਟੀ ਪਬਲਿਸ਼ਰਜ਼ ਸਰੀ ਵੱਲੋਂ ਸਤੀਸ਼ ਗੁਲਾਟੀ ਅਤੇ ਹਰਦਮ ਮਾਨ ਨੇ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਮੇਲੇ ਦੇ ਸ਼ੌਕੀਨਾਂ ਨੂੰ ਸਾਹਿਤਕ ਕਿਰਤਾਂ ਨਾਲ ਜੁੜ ਕੇ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਦਾ ਸੱਦਾ ਦਿੱਤਾ। ਨਿਊ ਐਬੀ ਕੁਜ਼ੀਨ ਦੀ ਟੀਮ ਵੱਲੋਂ ਪਰੋਸੇ ਗਏ ਸਵਾਦਲੇ ਭੋਜਨ ਦਾ ਵੀ ਸਾਰਿਆਂ ਨੇ ਆਨੰਦ ਮਾਣਿਆ।

ਮੇਲੇ ਵਿਚ ਪਹੁੰਚ ਕੇ ਨੌਜਵਾਨ ਐਮ.ਪੀ. ਸੁਖਮਨ ਗਿੱਲ, ਪ੍ਰਸਿੱਧ ਵਿਦਵਾਨ ਡਾ. ਬਲਵਿੰਦਰ ਕੌਰ ਬਰਾੜ, ਬੀ.ਸੀ. ਦੇ ਪ੍ਰਸਿੱਧ ਬਿਜ਼ਨਸਮੈਨ ਅਤੇ ਸਮਾਜ ਸੇਵਕ ਜੇ. ਮਿਨਹਾਸ, ਦਵਿੰਦਰ ਬਚਰਾ, ਸੋਨੀ ਝਾਵਰ, ਕੈਲ ਦੁਸਾਂਝ, ਨਵਲਪ੍ਰੀਤ ਰੰਗੀ, ਰੇਡੀਓ ਹੋਸਟ ਬਲਜਿੰਦਰ ਅਟਵਾਲ, ਸੁਖਜੀਤ ਹੁੰਦਲ, ਪ੍ਰੋ. ਹਰਿੰਦਰ ਸੋਹੀ, ਡਾ. ਗੁਰਮਿੰਦਰ ਸਿੱਧੂ, ਨਾਵਲਕਾਰ ਹਰਕੀਰਤ ਕੌਰ ਚਾਹਲ, ਮੀਰਾ ਗਿੱਲ, ਜਸਬੀਰ ਮਾਨ, ਡਾ. ਜਸ ਮਲਕੀਤ, ਨਵਜੋਤ ਢਿੱਲੋਂ, ਪ੍ਰੀਤ ਅਟਵਾਲ ਪੁਨੀ, ਨਿਰਮਲ ਗਿੱਲ, ਪਰਮਿੰਦਰ ਸਵੈਚ, ਬਚਿੰਤ ਕੌਰ ਬਰਾੜ, ਲਿਸਬਰਨ ਮੈਨ, ਲਿੰਡਾ ਐਨਸ, ਤ੍ਰਿਪਤ ਅਟਵਾਲ, ਦੇਵ ਸਿੱਧੂ, ਜੈਸ ਗਿੱਲ, ਅਰਸ਼ ਕਲੇਰ, ਟੀਵੀ ਹੋਸਟ ਕੁਲਦੀਪ ਸਿੰਘ, ਪ੍ਰਭਜੋਤ ਕਾਹਲੋਂ, ਗੁਰਮੀਤ ਬੈਨੀਪਾਲ, ਭੰਗੜਾ ਕੋਚ ਜਸਵੀਰ ਸਿੰਘ, ਮਨਜੀਤ ਥਿੰਦ, ਹਰਨੀਤ, ਮੋਹਨ ਬਚਰਾ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਬਲਜਿੰਦਰ ਗਿੱਲ ਅਤੇ ਹਰਸ਼ਰਨ ਧਾਲੀਵਾਲ ਨੇ ਮੰਚ ਦਾ ਸੰਚਾਲਨ ਬਾਖੂਬੀ ਅੰਦਾਜ਼ ਵਿਚ ਕੀਤਾ। ਅੰਤ ਵਿਚ ਫਾਊਂਡੇਸ਼ਨ ਦੀ ਪ੍ਰਧਾਨ ਧਰਮਵੀਰ ਧਾਲੀਵਾਲ ਅਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਸਾਰੇ ਸਹਿਯੋਗੀਆਂ, ਸਪਾਂਸਰਾਂ ਅਤੇ ਦਰਸ਼ਕਾਂ-ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਵੱਲੋਂ ਸਲਾਨਾ ਪੁਰਸਕਾਰਾਂ ਦਾ ਐਲਾਨ

ਡਾ. ਅਮਰ ਕੋਮਲ ਨੂੰ 'ਲਾਈਫ਼ ਟਾਈਮ ਅਚੀਵਮੈਂਟ ਪੁਰਸਕਾਰ'

ਵਰਲਡ ਪੰਜਾਬੀ ਟਾਈਮਜ਼

ਮਾਨਸਾ 13 ਅਗਸਤ : ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਵੱਲੋਂ ਆਪਣੇ ਸਲਾਨਾ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਜਨਰਲ ਸਕੱਤਰ ਜਗਦੀਸ਼ ਰਾਏ ਕੁਲਰੀਆਂ ਤੇ ਖਜ਼ਾਨਚੀ ਕੁਲਵਿੰਦਰ ਕੌਸ਼ਲ ਨੇ ਦੱਸਿਆ ਹੈ ਕਿ ਮੰਚ ਦੀ ਕਾਰਜਕਾਰਨੀ ਕਮੇਟੀ ਦੀ ਹੋਈ ਮੀਟਿੰਗ ਵਿਚ ਮਿੰਨੀ ਕਹਾਣੀ ਲੇਖਕਾਂ, ਆਲੋਚਕਾਂ ਅਤੇ ਸਹਿਯੋਗੀਆਂ ਲਈ ਸਲਾਨਾ ਪੁਰਸਕਾਰਾਂ ਦਾ ਫੈਸਲਾ ਕੀਤਾ ਗਿਆ ਹੈ। ਬਜ਼ੁਰਗ ਮਿੰਨੀ ਕਹਾਣੀ ਲੇਖਕ ਅਤੇ ਆਲੋਚਕ ਡਾ. ਅਮਰ ਕੋਮਲ ਨੂੰ ਮਿੰਨੀ ਕਹਾਣੀ ਦੇ ਖੇਤਰ ਵਿਚ ਬਤੌਰ ਲੇਖਕ, ਸੰਪਾਦਕ, ਅਨੁਵਾਦਕ ਤੇ ਸਮੁਚੇ ਜੀਵਨ ਦੌਰਾਨ ਮਿੰਨੀ ਕਹਾਣੀ ਲਈ ਕੀਤੇ ਕਾਰਜਾਂ ਕਰਕੇ 'ਸ਼੍ਰੀ ਦਰਸ਼ਨ ਮਿਤਵਾ ਯਾਦਗਾਰੀ ਮਿੰਨੀ ਕਹਾਣੀ ਲਾਈਫ਼ ਟਾਈਮ ਅਚੀਵਮੈਂਟ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ –ਅਸ਼ਵਨੀ ਗੁਪਤਾ, ਸਾਬਕਾ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, 'ਅਮਰਜੀਤ ਸਿੰਘ ਸਰੀਂਹ ਏ ਐਸ ਆਈ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ-ਡਾ. ਕੁਲਦੀਪ ਸਿੰਘ, ਚੇਅਰਪਰਸਨ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ , ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ-ਸ਼੍ਰੀਮਤੀ ਅੰਜੂ ਖਰਬੰਦਾ ਦਿੱਲੀ, ਸ਼੍ਰੀ ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ- ਸ਼੍ਰੀ ਕਰਮਵੀਰ ਸਿੰਘ ਸੂਰੀ, ਸ਼੍ਰੀ ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ-ਪਰਮਜੀਤ ਕੌਰ ਸ਼ੇਖੂਪੁਰ ਕਲਾਂ ਅਤੇ ਸ੍ਰ. ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ-ਡਾ. ਨਰੇਸ਼ ਗਰੇਵਰ ਅੰਮ੍ਰਿਤਸਰ ਨੂੰ ਦਿੱਤਾ ਜਾਵੇਗਾ। ਮੰਚ ਵੱਲੋਂ ਇਹ ਪੁਰਸਕਾਰ ਮਿਤੀ 04-05 ਅਕਤੂਬਰ ਨੂੰ ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ 31ਵੇਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਦੌਰਾਨ ਪ੍ਰਦਾਨ ਕੀਤੇ ਜਾਣਗੇ। ਫੋਟੋ: ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਵੱਲੋਂ ਪੁਰਸਕਾਰਾਂ ਲਈ ਚੁਣੇ ਲੇਖਕ।

ਪੰਜਾਬੀ ਸਾਹਿਤ ਸਭਾ ਵੱਲੋਂ ਪ੍ਰੋ. ਨਵ ਸੰਗੀਤ ਸਿੰਘ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 13 ਅਗਸਤ : ਪਟਿਆਲੇ ਦੀ ਸਭ ਤੋਂ ਪੁਰਾਣੀ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਵੱਲੋਂ ਬੀਤੇ ਐਤਵਾਰ ਮਹੀਨਾਵਾਰ ਸਾਹਿਤਕ ਸਮਾਗਮ ਆਯੋਜਿਤ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦੇ ਯੁਵਾ-ਕਵੀ ਸਿਮਰ ਜੰਗਰਾਲ ਦੀ ਕਾਵਿ ਕਿਤਾਬ 'ਡਰ ਲੱਗਦਾ ਏ' ਦਾ ਲੋਕ ਅਰਪਣ ਅਤੇ ਸੰਵਾਦ ਰਚਾਇਆ ਗਿਆ। ਇਸ ਸੰਵਾਦ ਵਿੱਚ ਮੁੱਖ ਵਕਤਾ ਵਜੋਂ ਪੰਜਾਬੀ

ਯੂਨੀਵਰਸਿਟੀ ਪਟਿਆਲਾ ਦੇ ਸੇਵਾਮੁਕਤ ਅਧਿਆਪਕ ਅਤੇ ਜਾਣੇ ਪਛਾਣੇ ਲੇਖਕ ਪ੍ਰੋ. ਨਵ ਸੰਗੀਤ ਸਿੰਘ ਨੇ ਗੰਭੀਰ ਪਰਚਾ ਪ੍ਰਸਤੁਤ ਕੀਤਾ ਤੇ ਉਨ੍ਹਾਂ ਨੇ ਸਿਮਰ ਜੰਗਰਾਲ ਨੂੰ ਜ਼ੁੱਰਅਤ ਵਾਲਾ ਕਵੀ ਕਹਿ ਕੇ ਪੁਸਤਕ ਦੀਆਂ ਛੋਟੀਆਂ ਛੋਟੀਆਂ 87 ਕਵਿਤਾਵਾਂ ਵਿਚਲੇ ਵਿਸ਼ਿਆਂ ਬਾਰੇ ਵਿਸਤ੍ਰਿਤ ਚਰਚਾ ਕੀਤੀ। ਪ੍ਰੋ. ਸਿੰਘ ਨੇ ਦੱਸਿਆ ਕਿ ਕਿਤਾਬ ਵਿੱਚ ਕਵੀ ਨੇ ਦਲਿਤ ਚੇਤਨਾ, ਮੁਹੱਬਤ ਦੇ ਰੰਗ, ਨਸ਼ਿਆਂ ਦਾ ਵਿਰੋਧ ਜਿਹੇ ਭਾਵਬੋਧ ਦੀ ਤਰਜਮਾਨੀ ਬਹੁਤ ਹੀ ਵਧੀਆ ਢੰਗ ਨਾਲ ਕੀਤੀ ਹੈ। ਸ.ਸ. ਬੋਰਡ ਦੇ ਸਾਬਕਾ ਚੇਅਰਮੈਨ ਸ. ਤੇਜਿੰਦਰਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਅਤੇ ਅਹੁਦੇਦਾਰਾਂ ਵੱਲੋਂ ਪ੍ਰੋ. ਨਵ ਸੰਗੀਤ ਸਿੰਘ ਨੂੰ ਹਾਰ ਪਾ ਕੇ ਸਨਮਾਨ ਚਿੰਨ੍ਹ ਪ੍ਰਦਾਨ ਕੀਤਾ ਗਿਆ।

ਇਤਿਹਾਸਿਕ ਦਸਤਾਵੇਜ਼ ਹੈ "ਸੰਘਰਸ਼ ਦਾ ਦੌਰ" ਭਾਈ ਗੁਰਮੀਤ ਸਿੰਘ ਪ੍ਰਧਾਨ ਸਿੱਖ ਫੈਡਰੇਸ਼ਨ ਜਰਮਨੀ

"ਜਰਮਨੀ ਦੇ ਪੰਥਕ ਆਗੂਆਂ ਨੇ ਭਾਈ ਡੱਲੇਵਾਲ ਅਤੇ ਰਸ਼ਪਿੰਦਰ ਕੌਰ ਦੀ ਕਿਤਾਬ ਕੀਤੀ ਜਾਰੀ"

ਵਰਲਡ ਪੰਜਾਬੀ ਟਾਈਮਜ਼

ਲੰਡਨ 13 ਅਗਸਤ : ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ ਨੇ ਦਾਅਵਾ ਕੀਤਾ ਹੈ ਕਿ ਕਿਤਾਬ ਸੰਘਰਸ਼ ਦਾ ਦੌਰ ਇੱਕ ਇਤਿਹਾਸਿਕ ਦਸਤਾਵੇਜ਼ ਹੈ। ਜਿਹੜਾ ਸਿੱਖ ਕੌਮ ਵਾਸਤੇ ਸੇਧਮਈ ਬਣੇਗਾ। ਭਾਈ ਗੁਰਮੀਤ ਸਿੰਘ ਖਨਿਆਣ ਜੋ ਕਿ ਪਿਛਲੇ ਸੈਂਤੀ ਸਾਲ ਤੋਂ



ਜਰਮਨੀ ਵਿੱਚ ਬਤੌਰ ਜਲਾਵਤਨੀ ਬਤੀਤ ਕਰਦੇ ਹੋਏ ਅਜਾਦ ਸਿੱਖ ਰਾਜ ਖਾਲਿਸਤਾਨ ਵਾਸਤੇ ਯਤਨਸ਼ੀਲ ਹਨ। ਉਹਨਾਂ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਗੁਰਦਵਾਰਾ ਦਸਮੇਸ਼ ਸਿੰਘ ਸਭਾ, ਕੇਲਨ ਜਰਮਨੀ ਵਿਖੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਦਾ ਦੂਸਰਾ ਅਡੀਸ਼ਨ ਜਾਰੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖਾਲਿਸਤਾਨ ਦੇ ਸੰਘਰਸ਼ ਨੂੰ ਸਮਰਪਿਤ ਜਲਾਵਤਨੀ ਪੰਥਕ ਆਗੂ ਜਥੇਦਾਰ ਰੇਸ਼ਮ ਸਿੰਘ ਬੱਬਰ ਮੁਖੀ ਬੱਬਰ ਖਾਲਸਾ ਜਰਮਨੀ, ਭਾਈ ਸਤਨਾਮ ਸਿੰਘ ਬੱਬਰ, ਭਾਈ ਰਜਿੰਦਰ ਸਿੰਘ ਬੱਬਰ, ਭਾਈ ਸਰਦੂਲ ਸਿੰਘ, ਭਾਈ ਗੁਰਚਰਨ ਸਿੰਘ ਗੁਰਾਇਆ ਮੌਜੂਦ ਸਨ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵੱਲੋਂ ਅਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ-ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ। ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ, ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਣਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ। ਝੂਠੀਆਂ ਕਹਾਣੀਆਂ ਬਣਾ-ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਤੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ-ਬੋਲ ਕੇ ਸਿੱਖ ਦੁਸ਼ਮਣ ਲਾਬੀ ਨੂੰ ਖੁਸ਼ ਕਰ ਰਹੇ ਹਨ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਗਈ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਪ੍ਰਧਾਨ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਸਰਕਾਰ ਦੇ ਜਰਖਰੀਦ ਫੀਲਿਆਂ ਦੇ ਕੁੜ ਪ੍ਰਚਾਰ ਦਾ ਠੋਸ ਬਦਲ ਬਣਿਆ ਹੈ। ਜੋ ਜਰਮਨੀ ਵਿੱਚ ਰਿਲੀਜ਼ ਕੀਤੀ ਗਈ ਹੈ। ਇਸ ਕਿਤਾਬ ਵਿੱਚ ਲੇਖਕ ਨੇ ਸਿੱਖ ਸੰਘਰਸ਼ ਦੌਰਾਨ ਵਾਪਰੀਆਂ ਅਨੇਕਾਂ ਹੱਡ ਬੀਤੀਆਂ ਘਟਨਾਵਾਂ ਦਾ ਵਰਨਣ ਕਰਦਿਆਂ ਅਨੇਕਾਂ ਯਾਦਾਂ ਦੀ ਸਾਂਝ ਪਾਈ ਹੈ। ਸੰਘਰਸ਼ ਦੌਰਾਨ ਸਿੱਖ ਪਰਿਵਾਰਾਂ ਵਿੱਚ ਜੁਝਾਰੂਆਂ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਦਾ ਵਰਨਣ ਹੈ। ਉੱਥੇ ਸਿੱਖ ਮਾਤਾਵਾਂ ਅਤੇ ਸਿੱਖ ਬਜ਼ੁਰਗਾਂ ਵੱਲੋਂ ਜੁਝਾਰੂਆਂ ਦੀ ਚੜਦੀ ਕਲਾ ਵਾਸਤੇ ਪਾਏ ਗਏ ਅਦਿੱਖ ਯੋਗਦਾਨ ਦੀ ਸਾਂਝ ਹੈ। ਹਰੇਕ ਗੱਲ ਨੂੰ ਸਪੱਸ਼ਟ ਰੂਪ ਵਿੱਚ ਬਹੁਤ ਹੀ ਸਰਲ ਭਾਸ਼ਾ ਵਿੱਚ ਲਿਖਿਆ ਹੈ। ਜਿਸ ਨ

ਖ਼ਾਮੋਸ਼ੀਆਂ ਨੂੰ ਤੋੜਦੇ ਰਹੋ...

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਮਾਨਵ ਜੀਵਨ ਦੀ ਸਭ ਤੋਂ ਉੱਤਮ ਵਿਸ਼ੇਸ਼ਤਾ ਹੈ, ਉਹਨੂੰ ਪਰਮਾਤਮਾ ਵੱਲੋਂ ਮਿਲੀ ਅਭਿਵਿਅਕਤੀ ਦੀ ਸ਼ਕਤੀ। ਹਾਂ, ਅਭਿਵਿਅਕਤੀ ਨੂੰ ਸ਼ਕਤੀ ਹੀ ਮੰਨਿਆ ਜਾਣਾ ਚਾਹੀਦਾ ਹੈ। ਜਿਹੜੀ ਪਰਮਾਤਮਾ ਅਤੇ ਇਸ ਬ੍ਰਹਿਮੰਡ ਵੱਲੋਂ ਸਿਰਫ਼ ਮਾਨਵ ਨੂੰ ਹੀ ਪੂਰਨ ਰੂਪ ਵਿੱਚ ਮਿਲੀ ਹੈ। ਪਰ ਕੀ ਅਸੀਂ ਅਭਿਵਿਅਕਤੀ ਦੀ ਇਸ ਸ਼ਕਤੀ ਦਾ ਸਹੀ ਉਪਯੋਗ ਕਰਦੇ ਹਾਂ? ਇਹ ਪ੍ਰਸ਼ਨ ਅਸੀਂ ਜਗਤ ਤੋਂ ਜਾਂ ਫਿਰ ਕਿਸੇ ਹੋਰ ਆਦਮੀ ਨੂੰ ਪੁੱਛਣ ਦੀ ਥਾਂ ਜੇ ਖੁਦ ਨੂੰ ਪੁੱਛੀਏ, ਤਾਂ ਜ਼ਿਆਦਾ ਚੰਗਾ ਹੋਵੇਗਾ। ਅਭਿਵਿਅਕਤੀ, ਯਾਨੀ ਆਮ ਭਾਸ਼ਾ ਵਿੱਚ ਆਪਣੀ ਗੱਲ ਕਹਿਣੀ ਜਾਂ ਫਿਰ ਕੁਝ ਬੋਲਣਾ। ਜਾਂ ਫਿਰ ਕੁਝ ਨਾ ਹੀ ਬੋਲਣਾ, ਅਰਥਾਤ ਚੁੱਪ ਰਹਿਣਾ। ਚੁੱਪ ਰਹਿਣਾ ਵੀ ਇੱਕ ਅਭਿਵਿਅਕਤੀ ਦਾ ਹੀ ਰੂਪ ਹੈ ਪਰ ਜਦੋਂ ਲੋੜ ਹੋਵੇ, ਆਪਣੀ ਗੱਲ/ਵਿਚਾਰ/ਸੱਚ/ਯਥਾਰਥ ਜਾਂ ਕਿਸੇ ਘਟਨਾ ਨੂੰ ਅਭਿਵਿਅਕਤ ਕਰਨਾ। ਜੇ ਅਸੀਂ ਚੁੱਪ ਰਹੀਏ ਤਾਂ ਉਹ ਖ਼ਾਮੋਸ਼ੀ ਬਹੁਤ ਭਿਆਨਕ ਰੋਗ ਦਾ ਰੂਪ ਲੈ ਲੈਂਦੀ ਹੈ। ਅਕਸਰ ਹਰ ਮਨੁੱਖ ਦੀ ਜ਼ਿੰਦਗੀ ਵਿੱਚ ਅਜਿਹੇ ਹਜ਼ਾਰਾਂ ਮੌਕੇ ਆਉਂਦੇ ਹਨ, ਜਦੋਂ ਉਹਨੂੰ ਖ਼ਾਮੋਸ਼ ਰਹਿਣਾ ਪੈਂਦਾ ਹੈ। ਪਰ ਕੀ ਖ਼ਾਮੋਸ਼ ਰਹਿਣਾ ਉਸ ਮਨੁੱਖ ਅਤੇ ਉਹਦੇ ਆਸਪਾਸ ਦੇ ਪਰਿਵੇਸ਼ ਲਈ ਚੰਗਾ ਹੈ? ਇਹ ਪ੍ਰਸ਼ਨ ਹੀ ਏਥੇ ਸਭ ਤੋਂ ਵੱਡਾ ਅਤੇ ਮਹੱਤਵਪੂਰਣ ਹੈ, ਜੇ ਖ਼ਾਮੋਸ਼ੀਆਂ ਨੂੰ ਜਨਮ ਦਿੰਦਾ ਹੈ।

ਅਜਿਹੀਆਂ ਖ਼ਾਮੋਸ਼ੀਆਂ ਸਾਨੂੰ ਹਾਨੀ ਪਹੁੰਚਾਉਂਦੀਆਂ ਹਨ। ਸਾਨੂੰ ਅੰਦਰੋਂ ਹੌਲੀ ਹੌਲੀ ਖੋਖਲਾ ਕਰਦੀਆਂ ਜਾਂਦੀਆਂ ਹਨ, ਸਾਨੂੰ ਪਲ ਪਲ ਕਮਜ਼ੋਰ ਕਰਦੀਆਂ ਰਹਿੰਦੀਆਂ ਹਨ। ਆਖਰ ਕੀ ਕਾਰਨ ਹੈ ਕਿ ਅਸੀਂ ਖ਼ਾਮੋਸ਼ੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਇਹਦੇ ਕਿੰਨੇ ਹੀ ਕਾਰਨ ਹੋ ਸਕਦੇ ਹਨ। ਅਸੀਂ ਡਰਦੇ ਹਾਂ ਕਿ ਮੇਰੇ ਬੋਲਣ ਨਾਲ ਕਿਤੇ ਕੋਈ ਗੜਬੜ ਨਾ ਹੋ ਜਾਏ। ਉਹ ਫਿਰ ਚਾਹੇ ਮਾਨਵ ਸੰਬੰਧਾਂ ਦਾ ਮਾਮਲਾ ਹੋਵੇ ਜਾਂ ਫਿਰ ਸਮਾਜਕ, ਧਾਰਮਿਕ, ਰਾਜਨੀਤਿਕ, ਆਰਥਕ ਆਦਿ ਨਾਲ ਜੁੜੇ ਮਸਲੇ ਹੋਣ। ਖ਼ਾਮੋਸ਼ੀਆਂ ਸਾਨੂੰ ਪਲ ਪਲ ਸਿਉਂਕ ਵਾਂਗ ਖਾਂਦੀਆਂ ਰਹਿੰਦੀਆਂ ਹਨ। ਸੱਚ ਨੂੰ ਕਦੇ ਛੁਪਾਇਆ ਨਹੀਂ ਜਾ ਸਕਦਾ, ਲੱਖਾਂ ਕੋਸ਼ਿਸ਼ਾਂ ਤੋਂ ਪਿੱਛੋਂ ਵੀ। ਇੱਕ ਨਾ ਇੱਕ ਦਿਨ ਕਿੰਨੀ ਵੀ ਵੱਡੀ ਖ਼ਾਮੋਸ਼ੀ ਹੋਵੇ, ਉਹਨੂੰ ਤੋੜਨਾ ਹੀ ਪੈਂਦਾ ਹੈ, ਨਹੀਂ ਤਾਂ ਉਹ ਖ਼ਾਮੋਸ਼ੀ ਸਾਨੂੰ ਤੋੜ ਦੇਵੇਗੀ। ਸਾਡਾ ਜੀਵਨ ਨਸ਼ਟ ਕਰ ਦੇਵੇਗੀ। ਸਾਡੀ ਖ਼ਾਮੋਸ਼ੀ ਕਾਰਨ ਮਹਾਭਾਰਤ ਤੱਕ ਹੋ ਸਕਦਾ ਹੈ।

ਆਖ਼ਰ ਅਸੀਂ ਕਿਉਂ ਕਿਸੇ ਗੱਲ ਨੂੰ ਲੈ ਕੇ ਚੁੱਪ ਕਰ ਜਾਂਦੇ ਹਾਂ ਜਾਂ ਫਿਰ ਆਪਣੇ ਅੰਦਰ ਉਹਨੂੰ ਦਬਾ ਕੇ ਘੁਟਦੇ ਰਹਿੰਦੇ ਹਾਂ। ਅਸੀਂ ਸਭ ਜਾਣਦੇ ਹਾਂ ਕਿ ਆਮ ਤੌਰ ਤੇ ਉਤਸ਼ਾਹ ਜਾਂ ਖੁਸ਼ੀ ਦੀ ਗੱਲ ਨੂੰ ਕੋਈ ਨਹੀਂ ਲੁਕਾਉਂਦਾ। ਉਹਨੂੰ ਛੇਤੀ ਤੋਂ ਛੇਤੀ ਸਭ ਤੋਂ ਪਹਿਲਾਂ ਕਹਿੰਦੇ ਹਾਂ। ਪਰ ਫਿਰ ਛੁਪਾਉਂਦੇ ਕੀ ਹਾਂ? ਅਜਿਹੀਆਂ ਗੱਲਾਂ, ਜੋ ਸਾਡੀ ਗਲਤੀ ਜਾਂ ਝੂਠ ਨਾਲ ਜੁੜੀਆਂ ਹੁੰਦੀਆਂ ਹਨ। ਉਹ ਫਿਰ ਕੌੜਾ ਸੱਚ ਵੀ ਹੋ ਸਕਦਾ ਹੈ। ਅਕਸਰ ਮਨੁੱਖ ਸੱਚ ਬੋਲਣ ਤੋਂ ਡਰਦਾ ਹੈ। ਉਹਦੇ ਸੱਚ ਨਾਲ ਕਿਸੇ ਨੂੰ ਬੁਰਾ ਲੱਗ ਸਕਦਾ ਹੈ। ਉਹ ਆਪਣੇ ਸੰਬੰਧਾਂ ਨੂੰ ਵਿਗਾੜਨਾ ਨਹੀਂ ਚਾਹੁੰਦਾ। ਕਿਸੇ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦਾ। ਕਿਉਂ ਸੱਚ ਡਰਾਉਣਾ ਜਾਂ ਬੁਰਾ ਹੁੰਦਾ ਹੈ? ਨਹੀਂ, ਸੱਚ ਤਾਂ ਪਰਮਾਤਮਾ ਦਾ ਸਭ ਤੋਂ ਸੁੰਦਰ ਤੇ ਪਵਿੱਤਰ ਰੂਪ ਹੈ, ਪਰ ਅਸੀਂ ਉਹਨੂੰ ਵੇਖ ਨਹੀਂ ਸਕਦੇ।

ਅਸੀਂ ਧਿਆਨ ਰੱਖੀਏ ਕਿ ਸੱਚ ਸੁਵਿਧਾ ਜਾਂ ਸੰਤੁਲਨ ਨਹੀਂ ਹੈ। ਸੱਚ ਯਥਾਰਥ ਹੈ ਅਤੇ ਯਥਾਰਥ ਤੋਂ ਜ਼ਿਆਦਾਤਰ ਲੋਕੀਂ ਡਰਦੇ ਹਨ। ਬਸ ਇਹ ਡਰ ਹੀ ਮਨੁੱਖ ਨੂੰ ਬਹੁਤ ਸਾਰੀਆਂ ਗੱਲਾਂ ਲਈ ਮਜਬੂਰ ਕਰਦਾ ਹੈ ਕਿ ਖ਼ਾਮੋਸ਼ ਰਹੋ। ਸੁਰਜੀਤ ਪਾਤਰ ਦੀ ਇੱਕ ਗ਼ਜ਼ਲ ਦਾ ਕੇਂਦਰੀ ਥੀਮ ਹੀ ਚੁੱਪ ਰਹਿਣ ਦੇ ਵਿਰੋਧ ਵਿੱਚ ਹੈ:

ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ

ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ।

ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ

ਕੀ ਇਹ ਖ਼ਾਮੋਸ਼ ਪੱਥਰ ਦ ਬੁੱਤ ਕਰਨਗੇ।

ਇਹ ਖ਼ਾਮੋਸ਼ ਰਹਿਣਾ ਹੀ ਹੌਲੀ ਹੌਲੀ ਖ਼ਾਮੋਸ਼ੀਆਂ ਦਾ ਵੱਡਾ ਰੂਪ ਧਾਰਨ ਕੇ ਲੈਂਦਾ ਹੈ ਅਤੇ ਸਾਡੇ ਅੰਦਰ ਡਰ ਦਾ ਇੱਕ ਮਕੜਜਾਲ ਬਣ ਜਾਂਦਾ ਹੈ। ਅਸੀਂ ਯਥਾਰਥ ਤੋਂ ਭੱਜਣ ਲੱਗਦੇ ਹਾਂ। ਅਸੀਂ ਵਰਤਮਾਨ ਤੋਂ ਦੌੜਦੇ ਹਾਂ। ਵਰਤਮਾਨ ਤੋਂ ਦੌੜਨਾ, ਯਾਨੀ ਭੂਤਕਾਲ ਵਿੱਚ ਚਲੇ ਜਾਣਾ ਜਾਂ ਫਿਰ ਭਵਿੱਖ ਦੀ ਕਾਲਪਨਿਕ ਦੁਨੀਆਂ ਵਿੱਚ ਪਹੁੰਚ ਜਾਣਾ। ਸਾਡੇ ਪੈਰ ਵਰਤਮਾਨ ਨਾਲੋਂ ਟੁੱਟ ਜਾਂਦੇ ਹਨ। ਅਸੀਂ ਭਟਕ ਜਾਂਦੇ ਹਾਂ, ਆਪਣੇ ਸਮੇਂ ਅਤੇ ਜੀਵਨ ਤੋਂ। ਯਥਾਰਥ ਤੋਂ ਨਾ ਭੱਜਣਾ ਹੀ ਨਿਰਭੈਤਾ ਹੈ। ਸਾਡੇ ਗ੍ਰੰਥ, ਰਿਸ਼ੀ ਮੁਨੀ, ਮਹਾਪੁਰਸ਼ ਸਾਨੂੰ ਨਿਰਭੈ ਬਣਨ ਦੀ ਜੀਵਨ ਜਾਚ ਦੱਸਦੇ ਹਨ।

ਖ਼ਾਮੋਸ਼ੀ ਸਾਨੂੰ ਸੰਵਾਦਹੀਣਤਾ ਵੱਲ ਵੀ ਲੈ ਜਾਂਦੀ ਹੈ। ਜਿੱਥੇ ਸੰਵਾਦ ਨਹੀਂ, ਉੱਥੇ ਜੀਵਨ ਅਤੇ ਸਮਾਜ ਕਿਵੇਂ ਅੱਗੇ ਵਧੇਗਾ? ਜਿਸ ਦਿਨ ਅਸੀਂ ਸੰਬੰਧਾਂ ਵਿੱਚ ਬੋਲਣਾ ਬੰਦ ਕਰ ਦਿੱਤਾ, ਉਸ ਦਿਨ ਤੋਂ ਸਾਡੇ ਸੰਬੰਧ ਹੌਲੀ ਹੌਲੀ ਟੁੱਟਣੇ ਸ਼ੁਰੂ ਹੋ ਜਾਣਗੇ। ਇਸ ਲਈ ਬੋਲਣਾ ਕਦੇ ਬੰਦ ਨਾ ਕਰੋ। ਫ਼ੈਜ਼ ਅਹਮਦ ਫ਼ੈਜ਼ ਦੀ ਕ੍ਰਾਂਤੀਕਾਰੀ ਕਵਿਤਾ 'ਬੋਲ' ਖ਼ਾਮੋਸ਼ੀ ਨੂੰ ਤੋੜਦੀ ਹੈ:

ਬੋਲ ਕਿ ਲਬ ਆਜ਼ਾਦ ਹੈਂ ਤੇਰੇ

ਬੋਲ ਕਿ ਸਚ ਜ਼ਿੰਦਾ ਹੈ ਅਬ ਤਕ

ਬੋਲ ਜੋ ਕੁਛ ਕਹਨਾ ਹੈ ਕਹ ਲੇ।

ਵਰਤਮਾਨ ਵਿੱਚ ਮੋਬਾਈਲ ਅਤੇ ਇੰਟਰਨੈੱਟ ਵਰਗੇ ਤਕਨਾਲੋਜੀ ਵਿਕਾਸ ਨੇ ਸਾਨੂੰ ਸੰਵਾਦਹੀਣਤਾ ਵੱਲ ਵਧਾਇਆ ਹੈ। ਇਹ ਸੰਚਾਰ ਅਤੇ ਸੰਵਾਦ ਦੇ ਚੰਗੇ ਮਾਧਿਅਮ ਬਣ ਸਕਦੇ ਹਨ, ਪਰ ਇਨ੍ਹਾਂ ਦੀ ਗਲਤ ਵਰਤੋਂ ਕਰਕੇ ਮਨੁੱਖ ਵਾਸਤਵਿਕ ਸੰਵਾਦ ਤੋਂ ਦੂਰ ਹੁੰਦਾ ਜਾ ਰਿਹਾ ਹੈ। ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਖ਼ਾਮੋਸ਼ੀ ਧਾਰਨ ਕਰ ਲੈਣੀ – ਸਾਡੇ ਸਮਾਜ ਦੇ ਪ੍ਰਮੁੱਖ ਸਤੰਭ ਵਿਆਹ ਅਤੇ ਪਰਿਵਾਰ ਨੂੰ ਦਿਨੇ ਦਿਨ ਕਮਜ਼ੋਰ ਕਰ ਰਹੀ ਹੈ। ਪਰਿਵਾਰ ਵਿੱਚ ਅਸੀਂ ਰਹਿੰਦੇ ਤਾਂ ਹਾਂ ਪਰ ਮੌਜੂਦਾ ਸਮੇਂ ਹਰ ਕੋਈ ਮੋਬਾਈਲ ਅਤੇ ਇੰਟਰਨੈੱਟ ਵਿੱਚ ਖੁੱਭਿਆ ਹੋਇਆ ਹੈ। ਅਜਿਹੀ ਹਾਲਤ ਵਿੱਚ ਵਿਆਹ ਵਰਗੀਆਂ ਪਵਿੱਤਰ ਸੰਸਥਾਵਾਂ ਟੁੱਟਣ ਦੀ ਕਗਾਰ ਤੇ ਹਨ।

ਸਾਡਾ ਇਹ ਮੱਤ ਬਿਲਕੁਲ ਨਹੀਂ ਹੈ ਕਿ ਸ਼ਾਂਤੀ ਤੇ ਇਕਾਗਰਤਾ ਨਹੀਂ ਰੱਖਣੀ ਚਾਹੀਦੀ। ਅਸਲ ਵਿੱਚ ਸ਼ਾਂਤ ਤੇ ਇਕਾਗਰ ਹੋ ਕੇ ਕੀਤਾ ਕੰਮ ਹੀ ਨਿਪੁੰਨਤਾ ਵਾਲਾ ਹੁੰਦਾ ਹੈ। ਪਰ ਜਿੱਥੇ ਅਭਿਵਿਅਕਤੀ ਦੀ ਲੋੜ ਹੈ, ਉੱਥੇ ਚੁੱਪ ਰਹਿਣਾ ਡਰਪੋਕਤਾ ਹੋਵੇਗੀ। ਧ੍ਰਿਤਰਾਸ਼ਟਰ ਦੀ ਭਰੀ ਸਭਾ ਵਿੱਚ ਦ੍ਰੋਪਦੀ ਦਾ ਚੀਰਹਰਣ ਅਤੇ ਉਸ ਸਭਾ ਵਿੱਚ ਵਿਦੁਰ ਅਤੇ ਕਰਣ ਨੂੰ ਛੱਡ ਕੇ ਵੱਡੇ ਵੱਡੇ ਯੋਧਿਆਂ ਦਾ ਚੁੱਪ ਰਹਿਣਾ ਕੀ ਕਾਇਰਤਾ ਨਹੀਂ ਸੀ? ਉਨ੍ਹਾਂ ਦੀ ਖ਼ਾਮੋਸ਼ੀ ਨੇ ਅਭਿਵਿਅਕਤੀ ਅਤੇ ਮਾਨਵਤਾ ਨੂੰ ਕਲੰਕਿਤ ਕੀਤਾ। ਉਸ ਖ਼ਾਮੋਸ਼ੀ ਨੇ ਲੱਖਾਂ ਜੀਵਨ ਬਰਬਾਦ ਕਰ ਦਿੱਤੇ। ਇਤਿਹਾਸ ਅਜਿਹੀਆਂ ਖ਼ਾਮੋਸ਼ੀਆਂ ਨਾਲ ਭਰਿਆ ਪਿਆ ਹੈ। ਇਹ ਮਾਨਵ ਜੀਵਨ ਦੀ ਸੁੰਦਰਤਾ ਦੇ ਵਿਰੁੱਧ ਹੈ। ਈਸ਼ਵਰ ਅਤੇ ਪ੍ਰਕਿਰਤੀ ਨੇ ਮਨੁੱਖ ਨੂੰ ਬੋਲਣ ਦਾ ਵਰਦਾਨ ਦਿੱਤਾ ਹੈ, ਨਾ ਕਿ ਖ਼ਾਮੋਸ਼ੀ ਦੇ ਅਧੀਨ ਹੋ ਜਾਣ ਦਾ। ਗੁਰਬਾਣੀ ਦਾ ਫ਼ਰਮਾਨ ਹੈ:

ਜਬ ਲਗ ਦੁਨੀਆ ਰਹੀਐ ਨਾਨਕ

ਕਿਛੁ ਸੁਣੀਐ ਕਿਛੁ ਕਹੀਐ॥ (661)

ਖ਼ਾਮੋਸ਼ੀ ਸਾਨੂੰ ਸੱਚ ਤੋਂ ਦੂਰ ਕਰਦੀ ਹੈ। ਖ਼ਾਮੋਸ਼ੀ ਮਾਨਵ ਜੀਵਨ ਦੇ ਵਿਕਾਸ ਵਿੱਚ ਰੁਕਾਵਟ ਹੈ। ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਮਨ ਵਿੱਚ ਪਾਲੀ ਜਾ ਰਹੀ ਖ਼ਾਮੋਸ਼ੀ ਨੂੰ ਤੋੜਦੇ ਰਹਿਣਾ ਚਾਹੀਦਾ ਹੈ ਅਤੇ ਅਭਿਵਿਅਕਤੀ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਖ਼ਾਮੋਸ਼ੀ ਨੂੰ ਤੋੜ ਕੇ ਬੋਲਿਆ ਗਿਆ ਸੱਚ ਜ਼ਰਾ ਕੌੜਾ ਜ਼ਰੂਰ ਹੋ ਸਕਦਾ ਹੈ ਪਰ ਉਹ ਹਮੇਸ਼ਾ ਮਾਨਵ ਕਲਿਆਣ ਹੀ ਕਰਦਾ ਹੈ।

ਮੇਰਾ ਪੰਜਾਬ

ਵਰਲਡ ਪੰਜਾਬੀ ਟਾਈਮਜ਼
ਪਰਸ਼ੇਤਰ ਸਿੰਘ

ਮੇਰਾ ਓਹ ਜਰਖੇਜ਼ ਪੰਜਾਬ, ਜੀਹਦਾ ਨਹੀਂ ਸੀ ਕੋਈ ਜਵਾਬ
ਕਣ ਕਣ ਸੀ ਜਿਸਦਾ ਸੋਨੇ ਵਰਗਾ, ਮਿੱਟੀ ਜਿਸਦੀ ਲਾਜਵਾਬ
ਹਰ ਕੋਈ ਫ਼ਸਲ ਸੀ ਹੁੰਦੀ ਜਿੱਥੇ,ਖੇਤ ਸੀ ਰੱਬੀ ਰਹਿਮਤ ਨਾਲ ਭਰਪੂਰ
ਯਾਦ ਤਾਂ ਆਉਂਦੀ ਹੈ,ਸਭ ਨੂੰ ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ

ਦੁੱਧ ਜਿੱਥੇ ਨਹੀਂ ਸੀ ਵਿਕਦਾ, ਪੈਕਟਾਂ ਵਿੱਚ ਹੋ ਕੇ ਕੈਦ
ਖੁਰਲੀਆਂ ਉੱਤੇ ਮੱਝਾਂ ਸਨ, ਵਿਰਲੇ ਹੀ ਹੁੰਦੇ ਸੀ ਵੈਦ
ਅੱਜ ਦੁੱਧ ਪੀਣ ਨਾਲ ਵਿਗੜੇ ਹਾਜ਼ਮਾ, ਜੇ ਸੀ ਕਦੇ ਗ਼ਰੂਰ
ਯਾਦ ਤਾਂ ਆਉਂਦੀ ਹੈ ਸਭ ਨੂੰ , ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ

ਚੱਲਦੇ ਖਾਲ ਚੋਂ ਪਾਣੀ ਬੁੱਕ ਭਰ ਭਰ ਕੇ ਪੀ ਲੈਂਦੇ ਸੀ
ਹੱਥ ਤੇ ਰੱਖ ਕੇ ਰੋਟੀ ,ਚਟਣੀ, ਲੱਸੀ ਨਾਲ ਛੱਕ ਲੈਂਦੇ ਸੀ
ਕਦੇ ਨਾ ਨਖ਼ਰਾ ਕੀਤਾ ,ਜੋ ਮਿਲਿਆ ਬਸ ਸੀ ਮੰਨਜ਼ੂਰ
ਯਾਦ ਤਾਂ ਆਉਂਦੀ ਹੈ ਸਭ ਨੂੰ ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ

ਹਵਾ ਜਿਸਦੀ ਸੀ ,ਜੋ ਰੂਹਾਂ ਨੂੰ ਭਰ ਦਿੰਦੀ ਸੀ ਨਾਲ ਸਕੂਨ
ਰੁੱਖ ਸੀ ਕੱਚੇ ਪਹਿਆਂ ਕਿਨਾਰੇ ,ਠੰਡ ਪਾਉਂਦੇ ਸੀ ਮਹੀਨੇ ਜੂਨ
ਕਿੱਕਰ ਦੀ ਦਾਤਣ ਨੂੰ ਵੀ ਤਰਸੇ, ਐਨੇ ਹੋ ਗਏ ਅਸੀਂ ਕਰੂਰ
ਯਾਦ ਤਾਂ ਆਉਂਦੀ ਹੈ ਸਭ ਨੂੰ ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ

ਗੰਨਾ, ਮੱਕੀ, ਸਰੋਂ, ਹੋਲਾਂ, ਚਿੱਬੜ, ਬੇਰ, ਤੂਤੀਆਂ ਅਤੇ ਸ਼ਕਰਕੰਦੀ
ਖ਼ਰਬੂਜੇ, ਫੂੱਟਾਂ, ਭੰਬੋਲਾਂ, ਚੌਲੇ, ਵਾੜ ਕਰੇਲੇ ਦੀ ਨਹੀਂ ਸੀ ਹੱਦਬੰਦੀ
ਸਭ ਦਾ ਢਿੱਡ ਸੀ ਭਰਦਾ ਚਾਹੇ ਮਜ਼ਦੂਰ ਹੋਵੇ ਜਾਂ ਮਜ਼ਬੂਰ
ਯਾਦ ਤਾਂ ਆਉਂਦੀ ਹੈ ਸਭ ਨੂੰ ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ

ਸਾਧਨ ਵੱਧ ਗਏ, ਪੈਦਾਵਾਰ ਵੀ ਵੱਧ ਗਈ,ਪਰ ਲਾਲਚ ਨਹੀਂ ਹੈ ਤੇਰਾ ਘਟਿਆ
ਕੌਚਿਆਂ ਤੋਂ ਪੱਕੇ, ਗੱਡਿਆਂ ਤੋਂ ਗੱਡੀਆਂ ਵਾਲ਼ੇ ਹੋਕੇ, ਮਨ ਫੇਰ ਨਾ ਤੇਰਾ ਸਧਿਆ
ਬਾਬੇ ਨਾਨਕ ਦੀ ਰਜ਼ਾ ਚ ਰਹਿ ਕੇ ਲੈਣਾ ਸਿੱਖ ਜ਼ਿੰਦਗੀ ਦਾ ਸਰੂਰ
ਯਾਦ ਤਾਂ ਆਉਂਦੀ ਹੈ ਸਭ ਨੂੰ ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ

ਚੱਲ ਮਨਾ ਬਹੁਤਾ ਨਾ ਵੰਡ ਗਿਆਨ, ਦੁਨੀਆਂ ਨੇ ਸਦਾ ਹੀ ਚੱਲਦੇ ਰਹਿਣਾ
ਓਸਦੀ ਤਕੜੀ ਕਰੇਗੀ ਹਿਸਾਬ ਬਰਾਬਰ, ਤੂੰ ਵੀ ਛੱਡ ਦੇ ਕਲਪਦੇ ਰਹਿਣਾ
ਕਰੇਗਾ ਸੋ ਭਰੇਗਾ, ਸਬਰ ਕਰ, ਤੂੰ ਨਾ ਹੋ ਰੂਹੋਂ ਟੁੱਟ ਕੇ ਚੂਰ
ਯਾਦ ਤਾਂ ਆਉਂਦੀ ਹੈ ਸਭ ਨੂੰ ਕਦੇ ਨਾ ਕਦੇ ਤਾਂ ਓਹਨਾਂ ਦਿਨਾਂ ਦੀ ਜ਼ਰੂਰ ।

ਅਜੋਕੀ ਨੌਜਵਾਨ ਪੀੜ੍ਹੀ ਦੁਖੀ ਅਤੇ ਅਸੰਤੁਸ਼ਟ ਕਿਉਂ?

ਵਰਲਡ ਪੰਜਾਬੀ ਟਾਈਮਜ਼
ਠਾਕੁਰ ਦਲੀਪ ਸਿੰਘ

ਅਜੋਕੀ ਨੌਜਵਾਨ ਪੀੜ੍ਹੀ ਦੀ ਤੁਲਨਾ ਵਿੱਚ, ਉਨ੍ਹਾਂ ਦੇ ਮਾਪੇ ਕਿਤੇ ਵਧੇਰੇ ਖੁਸ਼ ਅਤੇ ਸੰਤੁਸ਼ਟ ਜੀਵਨ ਬਿਤਾਉਂਦੇ ਸਨ ਅਤੇ ਅੱਜ ਵੀ ਹਨ। ਇਸ ਦਾ ਮੁੱਖ ਕਾਰਨ ਹੈ ਕਿ ਉਹ ਬਹੁਤੇ ਸੰਯਮੀ, ਅਨੁਸ਼ਾਸਿਤ ਅਤੇ ਆਤਮ-ਨਿਯੰਤਰਿਤ ਸਨ। ਭਾਵੇਂ ਅਜੋਕੇ ਨੌਜਵਾਨ ਪੜ੍ਹਾਈ ਵਿੱਚ ਆਪਣੇ ਮਾਪਿਆਂ ਤੋਂ ਅੱਗੇ ਨਿਕਲ ਚੁੱਕੇ ਹਨ, ਅਨੇਕ ਡਿਗਰੀਆਂ ਪ੍ਰਾਪਤ ਕਰ ਚੁੱਕੇ ਹਨ ਅਤੇ ਉਨ੍ਹਾਂ ਕੋਲ ਪੈਸਾ ਵੀ ਕਿਤੇ ਵਧੇਰਾ ਹੈ। ਪਰੰਤੂ, ਸੰਯਮ ਅਤੇ ਆਤਮ-ਨਿਯੰਤਰਣ ਦੀ ਕਮੀ ਕਾਰਨ, ਮਾਨਸਿਕ ਸੁਖ ਵਿੱਚ ਉਹ ਆਪਣੇ ਪੁਰਵਜਾਂ ਦੇ ਆਸ-ਪਾਸ ਵੀ ਨਹੀਂ ਠਹਿਰਦੇ। ਸਿਹਤਮੰਦ ਪੌਸ਼ਟਿਕ ਭੋਜਨ ਖਾਣ ਕਰਕੇ ਉਨ੍ਹਾਂ ਦੇ ਮਾਪੇ ਨਾ ਕੇਵਲ ਸਰੀਰਕ ਤੌਰ ਉੱਤੇ ਵਧੇਰੇ ਤੰਦਰੁਸਤ ਸਨ ਸਗੋਂ ਮਾਨਸਿਕ ਤੌਰ 'ਤੇ ਵੀ ਕਿਤੇ ਵਧੇਰੇ ਸੰਤੁਲਿਤ ਅਤੇ ਪ੍ਰਸੰਨਚਿੱਤ ਰਹਿੰਦੇ ਸਨ। ਜਦੋਂ ਉਹ ਬਜ਼ਾਰ ਜਾਂਦੇ ਤਾਂ ਹਰ ਚੀਜ਼ ਨੂੰ ਵੇਖ ਕੇ ਤੁਰੰਤ ਉਸ ਨੂੰ ਖਰੀਦਣ ਜਾਂ ਖਾਣ ਦੀ ਲਾਲਸਾ ਨਹੀਂ ਕਰਦੇ ਸਨ। ਉਨ੍ਹਾਂ ਦਾ ਆਪਣੀਆਂ ਗਿਆਨ ਇੰਦਰੀਆਂ ਉੱਤੇ ਪੂਰਾ ਕਾਬੂ ਹੁੰਦਾ ਸੀ। ਉਹ ਰਸਨਾ ਦੇ ਸਵਾਦ ਦੇ ਇੰਨੇ ਗ਼ੁਲਾਮ ਨਹੀਂ ਸਨ, ਜਿੰਨੇ ਅਜੋਕੇ ਨੌਜਵਾਨ ਬਣ ਚੁੱਕੇ ਹਨ।

ਰਸਨਾ ਦਾ ਆਨੰਦ ਲੈਣਾ ਕੋਈ ਮਾੜੀ ਗੱਲ ਨਹੀਂ ਪਰ ਰਸਨਾ ਦੇ ਵੱਸ ਹੋ ਜਾਣਾ ਹਾਨੀਕਾਰਕ ਹੈ ਅਤੇ ਇਹੀ ਅਜੋਕੇ ਨੌਜਵਾਨਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਬਣ ਗਈ ਹੈ। ਉਹ ਚਿਪਸ, ਚਾਕਲੇਟ, ਪੀਜ਼ਾ, ਬਰਗਰ, ਨੂਡਲਜ਼, ਕੋਲਡ ਡ੍ਰਿੰਕਸ, ਸਮੋਸੇ, ਟਿੱਕੀਆਂ, ਮਠਿਆਈਆਂ ਵਰਗੀਆਂ ਹਾਨੀਕਾਰਕ ਚੀਜ਼ਾਂ ਲਈ ਉਤਸੁਕ ਰਹਿੰਦੇ ਹਨ ਪਰ ਫਲ, ਸਬਜ਼ੀਆਂ, ਦੁੱਧ, ਘਿਉ, ਬਾਦਾਮ, ਕਾਜੂ ਵਰਗੀਆਂ ਪੌਸ਼ਟਿਕ ਅਤੇ ਸਵਸਥ ਚੀਜ਼ਾਂ ਲਈ ਉਨ੍ਹਾਂ ਵਿੱਚ ਉਤਸੁਕਤਾ ਨਹੀਂ ਹੁੰਦੀ।

ਇਹੀ ਕਾਰਨ ਹੈ ਕਿ ਆਧੁਨਿਕ ਨੌਜਵਾਨ ਭਾਵੇਂ ਗਿਆਨ ਅਤੇ ਤਕਨਾਲੋਜੀ ਵਿੱਚ ਅੱਗੇ